**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**
**ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ**
**(ਗ੍ਰਾਂਟ-ਕਮ-ਪੈਨਸ਼ਨ-2 ਸ਼ਾਖਾ)**

---

ਵੱਲ,

ਸਮੂਹ C.B.S.E/ I.C.S.E ਅਤੇ
ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ
ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਅਤੇ ਪ੍ਰਿੰਸੀਪਲ।

ਮੀਮੋ ਨੰ: ਗ੍ਰਾਂਟ ਕਮ ਪੈਨਸ਼ਨ (ਸਪੈਸ਼ਲ)/ ਹਦਾਇਤਾਂ 2019/2021/G.P-2(1)E-164467
ਮਿਤੀ: 19-3-2021

**ਵਿਸ਼ਾ:-** **C.B.S.E/ I.C.S.E ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀ ਯੂਨੀਫਾਰਮ (ਵਰਦੀਆਂ) ਅਤੇ ਕਿਤਾਬਾਂ ਸਬੰਧੀ ਹਦਾਇਤਾਂ।**

**ਹਵਾਲਾ:-** ਇਸ ਦਫਤਰ ਦੇ ਪੱਤਰ ਨੰ: ਗ੍ਰਾਂਟ ਕਮ ਪੈਨਸ਼ਨ (ਸਪੈਸ਼ਲ)/ ਹਦਾਇਤਾਂ 2019/2019176099 ਮਿਤੀ 21.06.2019, 24.10.2019, ਪੱਤਰ ਨੰ: ਗ੍ਰਾਂਟ ਕਮ ਪੈਨਸ਼ਨ (ਸਪੈਸ਼ਲ)/ ਹਦਾਇਤਾਂ 2019/20201583 ਮਿਤੀ 01.01.2020, 08.04.2020, 28.07.2020 ਅਤੇ ਪੱਤਰ ਨੰ: ਗ੍ਰਾਂਟ ਕਮ ਪੈਨਸ਼ਨ (ਸਪੈਸ਼ਲ)/ ਹਦਾਇਤਾਂ 2019/202188465 ਮਿਤੀ 12.03.2021 ਦੇ ਹਵਾਲੇ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਵਿਭਾਗ ਵੱਲੋਂ ਵੱਖ-ਵੱਖ ਸਮੇਂ ਤੇ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਪਾਏ ਜਾ ਰਹੇ ਭਾਰੀ ਰੋਸ ਦੇ ਮੱਦੇਨਜ਼ਰ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਯੂਨੀਫਾਰਮ (ਵਰਦੀਆਂ) ਅਤੇ ਕਿਤਾਬਾਂ ਕਿਸੇ ਖਾਸ ਦੁਕਾਨ/ ਫਰਮ ਤੋਂ ਖਰੀਦਣ ਲਈ ਜਾਂ ਆਪਣੇ ਹੀ ਸਕੂਲ ਵਿੱਚੋਂ ਖਰੀਦਣ ਸਬੰਧੀ ਮਜਬੂਰ ਨਾ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

2.0 ਪਰੰਤੂ ਧਿਆਨ ਵਿੱਚ ਆਇਆ ਹੈ ਕਿ ਵਿਭਾਗ ਵੱਲੋਂ ਉਪਰੋਕਤ ਹਵਾਲਾ ਅਧੀਨ ਪੱਤਰਾਂ ਰਾਹੀਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾ ਰਹੀ ਹੈ ਅਤੇ ਪ੍ਰਾਈਵੇਟ ਸਕੂਲਾਂ ਨਾਲ ਸਬੰਧਤ ਕੁਝ ਮੈਨੇਜਮੈਂਟਾਂ ਵੱਲੋਂ ਆਪਣੇ ਅਧੀਨ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਖਾਸ ਦੁਕਾਨਾਂ/ਫਰਮ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਦਬਾਅ ਬਣਾਇਆ ਜਾ ਰਿਹਾ ਹੈ ।

3.0 ਇਸ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਉਪਰ ਇਹ ਵੀ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ NCERT/ CISCE / ਸਬੰਧਤ ਬੋਰਡ ਵੱਲੋਂ ਪ੍ਰਮਾਣਿਤ ਕਿਤਾਬਾਂ ਦੇ ਨਾਲ ਨਾਲ ਕਿਸੇ ਵਿਸ਼ੇਸ਼ ਪ੍ਰਾਈਵੇਟ ਪ੍ਰਕਾਸ਼ਨ ਦੀਆਂ ਕਿਤਾਬਾਂ ਵੀ ਖਰੀਦਣ ਅਤੇ ਜਾਂ ਇਨ੍ਹਾਂ ਬੋਰਡਾਂ ਤੋਂ ਪ੍ਰਮਾਣਿਤ ਕਿਤਾਬਾਂ ਨੂੰ ਛੱਡ ਕੇ ਉਹ ਕਿਸੇ ਵਿਸ਼ੇਸ਼ ਪ੍ਰਕਾਸ਼ਕ/ਪ੍ਰਕਾਸ਼ਕਾਂ ਦੀਆਂ ਹੀ ਕਿਤਾਬਾਂ ਖਰੀਦਣ। ਜਦੋਂ ਕਿ ਵਿਭਾਗ ਵੱਲੋਂ ਉਪਰੋਕਤ ਹਵਾਲਾ ਅਧੀਨ ਪੱਤਰਾਂ ਰਾਹੀਂ ਸਪਸ਼ਟ ਤੌਰ ਤੇ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਵੱਲੋਂ ਉਹਨਾਂ ਅਧੀਨ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕੇਵਲ NCERT/ CISCE ਸਬੰਧਤ ਬੋਰਡਾਂ/ ਸਬੰਧਤ ਬੋਰਡ ਵੱਲੋਂ ਪ੍ਰਮਾਣਿਤ ਸੰਸਥਾਵਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਹੀ ਲਗਵਾਈਆਂ ਜਾਣ।

4.0 ਵਿਭਾਗ ਵੱਲੋਂ ਉਪਰੋਕਤ ਵਿਸ਼ੇ ਸਬੰਧੀ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਨਾ ਕੀਤੇ ਜਾਣ ਕਾਰਣ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਦਰਮਿਆਨ ਰੋਸ ਦੀ ਭਾਵਨਾ ਪਾਈ ਜਾ ਰਹੀ ਹੈ।

5.0 ਇਸ ਸਬੰਧ ਵਿੱਚ ਆਪ ਦਾ ਧਿਆਨ ਮੁੜ "The Punjab Regulation of Fee of Unaided Educational Institutions Act, 2016" ਵਿਚ "The Punjab Regulation

of Fee of Unaided Educational Institutions (Amendment) Act, 2019" ਰਾਹੀਂ ਸੈਕਸ਼ਨ 5 ਦੇ ਉਪਬੰਧਾਂ ਵਿਚ ਕੀਤੀ ਸੋਧ ਵੱਲ ਦਿਵਾਇਆ ਜਾਂਦਾ ਹੈ :-

> *"Provided further that in case the unaided Educational Institutions specify for purchasing of specific uniforms or books, they shall have to notify and display the specifications of such uniforms and books at conspicuous place and the parents shall be at liberty to purchase such uniforms or books from any place of their choice. However, the colour and design and any other specification of the uniforms so notified, shall not be changed at least for next two years."*

6.0 ਉਕਤ ਅਨੁਸਾਰ ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਇਹਨਾਂ ਕਿਤਾਬਾਂ ਦੀ ਸੂਚੀ ਨਵਾਂ ਸੈਸ਼ਨ ਹੋਣ ਤੋਂ ਪਹਿਲਾਂ ਈ-ਪੰਜਾਬ ਪੋਰਟਲ ਜਾਂ ਸਕੂਲ ਦੀ ਵੈਬ-ਸਾਈਟ ਤੇ ਅਪਲੋਡ ਕਰਨਗੇ ਅਤੇ ਸੰਸਥਾਵਾਂ ਵੱਲੋਂ ਇਹਨਾਂ ਕਿਤਾਬਾਂ ਦੀ ਸੂਚੀ ਢੁਕਵੇਂ ਸਥਾਨ (ਸੂਚਨਾ ਬੋਰਡ ਆਦਿ) ਤੇ ਪ੍ਰਦਰਸ਼ਿਤ ਕਰਨਗੇ। ਪੇਰੈਂਟਸ/ ਗਾਰਡੀਅਨ ਨੂੰ ਇਹ ਕਿਤਾਬਾਂ/ ਵਰਦੀਆਂ ਕਿਸੇ ਵੀ ਦੁਕਾਨ ਤੋਂ ਖਰੀਦਣ ਦੀ ਖੁੱਲ੍ਹ ਹੋਵੇਗੀ।

**7.0 ਉਪਰੋਕਤ ਦਰਸਾਈ ਸਥਿਤੀ ਸਨਮੁੱਖ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ/ ਮਾਪਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਨੂੰ ਮੁੜ ਲਿਖਿਆ ਜਾਂਦਾ ਹੈ:-**

**(ੳ) ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਵੱਲੋਂ ਉਹਨਾਂ ਅਧੀਨ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕੇਵਲ NCERT/ CISCE/ ਸਬੰਧਤ ਬੋਰਡਾਂ ਵੱਲੋਂ ਪ੍ਰਮਾਣਿਤ ਸੰਸਥਾਵਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਹੀ ਲਗਵਾਈਆਂ ਜਾਣ।**

**(ਅ) ਵਿਦਿਆਰਥੀਆਂ/ ਪੇਰੈਂਟਸ ਨੂੰ ਖਾਸ ਦੁਕਾਨਾਂ/ਫਰਮ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਮਜਬੂਰ ਨਾ ਕੀਤਾ ਜਾਵੇ।**

8.0 ਉਪਰੋਕਤ ਅਨੁਸਾਰ ਦਰਜ ਹਦਾਇਤਾਂ ਦੀ ਪਾਲਣਾ ਨਾ ਕੀਤੇ ਜਾਣ ਦਾ ਮਾਮਲਾ ਜੇਕਰ ਵਿਭਾਗ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਵਿਭਾਗ ਵੱਲੋਂ ਸਬੰਧਤ ਸੰਸਥਾ/ ਸਕੂਲ ਨੂੰ ਜਾਰੀ ਕੀਤੀ ਮਾਨਤਾ/ ਇਤਰਾਜ਼ਹੀਣਤਾ ਸਰਟੀਫਿਕੇਟ ਰੱਦ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ-ਨਾਲ ਸਬੰਧਤ ਸਕੂਲ ਦੀ ਐਫੀਲੀਏਸ਼ਨ ਰੱਦ ਕਰਨ ਸਬੰਧੀ ਵੀ ਕਾਰਵਾਈ ਕੀਤੀ ਜਾਵੇਗੀ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
3. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ।
4. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)/(ਐਸਿ)।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
ਪੰਜਾਬ।